# ਪੰਜਾਬੀ—104

## XII (ਬਾਰ੍ਹਵੀਂ)

# ਉੱਤਰ ਕੁੰਜੀ—ਨਮੂਨੇ ਦਾ ਪ੍ਰਸ਼ਨ-ਪੱਤਰ

## (ਮਾਰਚ-ਅਪ੍ਰੈਲ 2023)

**ਭਾਸ਼ਾ** 8+8+16=26

**(1) ਅਡਵਾਂਸ ਪੜ੍ਹਨ-ਕੌਸ਼ਲ**

ਹੇਠ ਦਿੱਤੇ ਗਏ **ਕਿਸੇ ਇੱਕ** ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸ ਦਾ ਸਿਰਲੇਖ ਵੀ ਲਿਖੋ।

ਸਿਰਲੇਖ 1 ਅੰਕ

ਸੰਖੇਪ ਰਚਨਾ 7 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਸਿਰਲੇਖ 1 ਅੰਕ

ਸੰਖੇਪ ਰਚਨਾ 7 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**(2) ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 8

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਆਪਣੀ ਯੋਗਤਾ ਤੇ ਸਮੱਰਥਾ ਦੱਸਦੇ ਹੋਏ, ਕਿਸੇ ਨਜ਼ਦੀਕੀ ਬੈਂਕ ਤੋਂ ਸਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ ਪ੍ਰਬੰਧਕ ਨੂੰ ਪੱਤਰ ਲਿਖੋ।

ਆਰੰਭਲਾ ਭਾਗ 3 ਅੰਕ

ਵਿਚਕਾਰਲਾ ਭਾਗ 4 ਅੰਕ

ਅੰਤਲਾ ਭਾਗ 1 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਆਪਣੇ ਇਲਾਕੇ ਦੇ ਪ੍ਰਕਾਸ਼ਕ ਤੋਂ ਵੀ.ਪੀ.ਪੀ. ਰਾਹੀਂ ਪੁਸਤਕਾਂ ਮੰਗਵਾਉਣ ਲਈ ਪੱਤਰ ਲਿਖੋ।

ਆਰੰਭਲਾ ਭਾਗ 3 ਅੰਕ

ਵਿਚਕਾਰਲਾ ਭਾਗ 4 ਅੰਕ

ਅੰਤਲਾ ਭਾਗ 1 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

(2) **ਕਿਸੇ ਇੱਕ** ਵਿਸ਼ੇ ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। **10**

## ਮਨਿ ਜੀਤੈ ਜਗੁ ਜੀਤੁ

| | |
|---|---|
| ਵਿਸ਼ੇ ਦੀ ਪੇਸ਼ਕਾਰੀ | 3 ਅੰਕ |
| ਵਿਸ਼ੇ ਦਾ ਗਿਆਨ | 4 ਅੰਕ |
| ਸ਼ਬਦ ਚੋਣ | 2 ਅੰਕ |
| ਸ਼ਬਦ-ਜੋੜ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

## ਕੌਮੀ ਏਕਤਾ

| | |
|---|---|
| ਵਿਸ਼ੇ ਦੀ ਪੇਸ਼ਕਾਰੀ | 3 ਅੰਕ |
| ਵਿਸ਼ੇ ਦਾ ਗਿਆਨ | 4 ਅੰਕ |
| ਸ਼ਬਦ ਚੋਣ | 2 ਅੰਕ |
| ਸ਼ਬਦ-ਜੋੜ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

### ਵਿਹਾਰਕ ਵਿਆਕਰਨ

(4) **ਵਾਕ-ਵਟਾਂਦਰਾ** (1X4)**4**

(i) ਉਹ ਅਮੀਰ ਹੋ ਕੇ ਵੀ ਬਹੁਤ ਕੰਜੂਸ ਹੈ।

(ii) ਉਸ ਤੋਂ ਵਾਪਸ ਨਹੀਂ ਪਰਤਿਆ ਜਾਵੇਗਾ।

(iii) ਸਿਆਣੇ ਬੱਚੇ ਹਮੇਸ਼ਾ ਵੱਡਿਆਂ ਦਾ ਆਦਰ ਕਰਦੇ ਹਨ।

(iv) ਮੈਂ ਸਕੂਲ ਪਹੁੰਚਿਆਂ ਅਤੇ ਘੰਟੀ ਵੱਜ ਗਈ।

(v) ਜਿਹੜੇ ਮਿਹਨਤ ਕਰਦੇ ਹਨ ਉਹਨਾਂ ਵਿਦਿਆਰਥੀਆਂ ਨੂੰ ਹਮੇਸ਼ਾ ਸਫ਼ਲਤਾ ਮਿਲਦੀ ਹੈ।

(5) **ਅਖਾਣ/ਅਖਾਉਤਾਂ** (2X5)**10**

(i) ਸਤਨਾਮ ਨੇ ਇੰਟਰਵਿਊ ਲਈ ਜਾ ਰਹੇ ਆਪਣੇ ਮਿੱਤਰ ਨੂੰ ਸਮਝਾਉਂਦਿਆਂ ਕਿਹਾ ਕਿ ਉਹ ਡਰੇ ਨਹੀਂ ਬਲਕਿ ਆਪਣੇ ਉੱਤੇ ਭਰੋਸਾ ਰੱਖੇ। ਇਸ ਲਈ ਤਾਂ ਸਿਆਣੇ ਆਖਦੇ ਹਨ ਕਿ, **'ਸ੍ਵੈ ਭਰੋਸਾ, ਵੱਡਾ ਤੋਸਾ।'**

(ii) ਪਰਮ ਵੈਸੇ ਤਾਂ ਹਰ ਰੋਜ਼ ਆਪਣੇ ਭੱਜਣ ਦੇ ਰਿਕਾਰਡ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ ਸੀ ਪਰ ਕੱਲ੍ਹ ਜਦੋਂ ਮੇਰੇ ਨਾਲ਼ ਸੈਰ ਕਰਨ ਗਿਆ ਤਾਂ ਇੱਕ ਕਿਲੋਮੀਟਰ ਬਾਅਦ ਆਖਣ ਲੱਗਾ ਕਿ ਮੈਂ ਤਾਂ ਥੱਕ ਗਿਆ ਹਾਂ ਉਸ ਦਾ ਤਾਂ ਉਹ ਹਾਲ ਹੈ, **'ਕੋਹ ਨਾ ਚੱਲੀ ਬਾਬਾ ਤਿਹਾਈ'।**

(iii) ਰਮੇਸ਼ ਦੀ ਨੌਕਰੀ ਛੁੱਟਣ 'ਤੇ ਉਹ ਘਰ ਵਿਹਲਾ ਬੈਠਿਆਂ ਰਹਿੰਦਾ ਹੈ। ਉਸਦੀ ਮਾਂ ਉਸ ਨੂੰ ਕਈ ਵਾਰ ਸਮਝਾ ਚੁੱਕੀ ਹੈ ਕਿ ਉਹ ਬਾਹਰ ਜਾ ਕੇ ਹੋਰ ਕੋਈ ਕੰਮ ਲੱਭੇ ਅਤੇ ਵਿਹਲਾ ਘਰ ਨਾ ਬੈਠੇ ਕਿਉਂਕਿ ਸਿਆਣੇ

ਕਹਿ ਗਏ ਹਨ ਕਿ **'ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ'।**

(iv) ਸੜਨ-ਕੁੜਨ ਨਾਲ ਕਿਸੇ ਦਾ ਕੁਝ ਨਹੀਂ ਜਾਂਦਾ, ਸਗੋਂ ਆਪਣਾ ਹੀ ਨੁਕਸਾਨ ਹੁੰਦਾ ਹੈ। ਠੀਕ ਹੀ ਤਾਂ ਕਹਿੰਦੇ ਹਨ ਕਿ **'ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ।'**

(v) ਦੋ ਭਰਾਵਾਂ ਨੂੰ ਬਿਨਾਂ ਕਿਸੇ ਖ਼ਾਸ ਕਾਰਨ ਦੇ ਝਗੜਦਿਆਂ ਵੇਖ ਕੇ ਉਹਨਾਂ ਦੀ ਮਾਤਾ ਜੀ ਨੇ ਉਹਨਾਂ ਨੂੰ ਮਿਲ਼-ਬੈਠ ਕੇ ਮਸਲਾ ਹੱਲ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਇਸ ਤਰ੍ਹਾਂ ਝਗੜਾ ਕਰਨ ਨਾਲ ਗੱਲ ਨਹੀਂ ਮੁੱਕਣੀ ਕਿਉਂਕਿ, **'ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲ਼ਦੀਆਂ ਹਨ।'**

(vi) ਸਾਡੇ ਪਿੰਡ ਦੇ ਪੜ੍ਹੇ-ਲਿਖੇ ਸੂਝਵਾਨ ਸਰਪੰਚ ਨੇ ਗਲ਼ੀਆਂ ਪੱਕੀਆਂ ਕਰਵਾ ਕੇ, ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਕੇ ਪਿੰਡ ਦੀ ਕਾਇਆ ਕਲਪ ਕਰ ਦਿੱਤੀ ਹੈ। ਉਹ ਸਮੇਂ-ਸਮੇਂ ਡਾਕਟਰੀ ਸਹਾਇਤਾ ਕੈਂਪ ਵੀ ਲਗਾਉਂਦਾ ਰਹਿੰਦਾ ਹੈ। ਉਸ ਦੇ ਕੀਤੇ ਕੰਮਾਂ ਨੂੰ ਦੇਖ ਕੇ ਹਰ ਕੋਈ ਉਸ ਦੀ ਪ੍ਰਸ਼ੰਸਾ ਕਰਦਾ ਹੈ। ਠੀਕ ਹੀ ਹੈ, **'ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ'।**

## ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 40

### ਕਵਿਤਾਵਾਂ ਵਿੱਚੋਂ 12

(6) ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

'ਸੁਹਣੀ ਨੇ ਅਸਮਾਨ.............ਟੁਕੜੀ ਜੱਗ ਤੋਂ ਨਿਆਰੀ।'

**ਪ੍ਰਸੰਗ —** ਇਹ ਕਾਵਿ-ਟੁਕੜੀ ਸਾਡੀ ਪੰਜਾਬੀ ਦੀ ਪੁਸਤਕ 'ਲਾਜ਼ਮੀ ਪੰਜਾਬੀ-12' ਵਿੱਚ ਸ਼ਾਮਲ ਭਾਈ ਵੀਰ ਸਿੰਘ ਦੀ ਕਵਿਤਾ 'ਟੁਕੜੀ ਜਗ ਤੋਂ ਨਿਆਰੀ' ਵਿੱਚੋਂ ਲਈ ਗਈ ਹੈ। ਇਹਨਾਂ ਸਤਰਾਂ ਵਿੱਚ ਭਾਈ ਵੀਰ ਸਿੰਘ ਕਸ਼ਮੀਰ ਦੀ ਸੁੰਦਰਤਾ ਦਾ ਵਰਨਣ ਕਰਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ 'ਕੁਦਰਤ ਦੇਵੀ' ਨੇ ਕਸ਼ਮੀਰ ਨੂੰ ਸਵਰਗ ਵਰਗੇ ਕੁਦਰਤੀ ਨਜ਼ਾਰਿਆਂ ਨਾਲ਼ ਨਿਵਾਜਿਆ ਹੈ। ਉਸ ਨੇ ਕੁਦਰਤੀ ਨਜ਼ਾਰਿਆਂ ਦੀ ਭਰੀ ਮੁੱਠ ਧਰਤੀ ਉੱਤੇ ਜਿਸ ਥਾਂ 'ਤੇ ਸੁੱਟੀ, ਓਹੀ ਥਾਂ ਕਸ਼ਮੀਰ ਬਣ ਗਈ।

**ਵਿਆਖਿਆ —** ਭਾਈ ਵੀਰ ਸਿੰਘ ਲਿਖਦੇ ਹਨ ਕਿ ਸੁੰਦਰ ਦੇਵੀ ਨੇ ਅਸਮਾਨ ਵਿੱਚ ਖੜ੍ਹੀ ਹੋ ਕੇ ਧਰਤੀ ਵੱਲ ਵੇਖਿਆ ਅਤੇ ਹੇਠਾਂ ਵੱਲ ਵੇਖ ਕੇ ਕੁਦਰਤੀ ਨਜ਼ਾਰਿਆਂ ਨਾਲ਼ ਭਰੀ ਹੋਈ ਮੁੱਠੀ ਖੋਲ੍ਹ ਕੇ ਸੁੱਟ ਦਿੱਤੀ। ਉਹ ਪ੍ਰਕ੍ਰਿਤਕ ਦ੍ਰਿਸ਼ਾਂ ਨਾਲ਼ ਭਰੀ ਮੁੱਠ ਜਿਸ ਥਾਂ 'ਤੇ ਆ ਕੇ ਡਿੱਗੀ, ਉਹ ਧਰਤੀ 'ਕਸ਼ਮੀਰ' ਬਣ ਗਈ। ਇਹ ਸਾਰੇ ਸੰਸਾਰ ਤੋਂ ਨਿਆਰੀ ਟੁਕੜੀ ਹੈ।

**ਜਾਂ**

'ਪਹਿਲੇ ਡੰਗ ਮਦਾਰੀਆਂ................ਨੀਲੇ ਪੈ ਗਏ ਅੰਗ।

**ਪ੍ਰਸੰਗ ——** ਇਹ ਕਾਵਿ-ਸਤਰਾਂ ਸਾਡੀ ਬਾਰ੍ਹਵੀਂ ਜਮਾਤ ਪਾਠ-ਪੁਸਤਕ 'ਲਾਜ਼ਮੀ ਪੰਜਾਬੀ-12' ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਵਿੱਚੋਂ ਲਈਆਂ ਗਈਆਂ ਹਨ। ਇਹਨਾਂ ਸਤਰਾਂ ਵਿੱਚ ਕਵਿਤਰੀ 1947 ਵਿੱਚ ਹੋਈ ਪੰਜਾਬ ਦੀ ਵੰਡ ਸਮੇਂ ਹੋਈ ਉਥਲ-ਪੁਥਲ ਅਤੇ ਔਰਤਾਂ ਨਾਲ਼ ਹੋਏ ਜ਼ੁਲਮ ਨੂੰ ਬਿਆਨ ਕਰਦੀ ਵਾਰਸ ਸ਼ਾਹ ਨੂੰ ਯਾਦ ਕਰਦੀ ਹੈ।

**ਵਿਆਖਿਆ —** ਅੰਮ੍ਰਿਤਾ ਪ੍ਰੀਤਮ ਲਿਖਦੀ ਹੈ ਕਿ ਨਫ਼ਰਤ ਦਾ ਇਹੋ ਜਿਹਾ ਮਾਹੌਲ ਪੈਦਾ ਹੋ ਗਿਆ ਕਿ ਸਭ ਤੋਂ ਪਹਿਲਾ ਡੰਗ ਉਸ ਨੇ ਮੰਤਰ ਪੜ੍ਹ ਕੇ ਡੰਗ ਕੀਲਣ ਵਾਲੇ ਮਦਾਰੀਆਂ ਨੂੰ ਮਾਰਿਆ। ਭਾਵ ਸਭ ਤੋਂ ਪਹਿਲਾਂ ਇਸ ਨਫ਼ਰਤ

ਦਾ ਸ਼ਿਕਾਰ ਲੋਕਾਂ ਨੂੰ ਬਚਾਉਣ ਵਾਲ਼ੇ ਵਿਅਕਤੀ ਹੋਏ। ਉਹਨਾਂ ਨੂੰ ਮਾਰਨ ਤੋਂ ਬਾਅਦ ਇਸ ਨਫ਼ਰਤ ਦੀ ਲਾਗ ਜਣੇ-ਖਣੇ ਨੂੰ ਲੱਗ ਗਈ ਭਾਵ ਬੇਕਸੂਰ ਲੋਕ ਮਾਰੇ ਗਏ। ਇਹ ਮਨੁੱਖਤਾ ਨੂੰ ਮਾਰਨ ਵਾਲ਼ੇ ਨਾਗਾਂ ਵਰਗੇ ਲੋਕਾਂ ਨੂੰ ਇਸ ਤਰ੍ਹਾਂ ਡੰਗਿਆ ਕਿ ਪੰਜਾਬ ਦਾ ਸਾਰਾ ਸਰੀਰ ਡੰਗ ਨਾਲ਼ ਨੀਲਾ ਪੈ ਗਿਆ। ਭਾਵ ਪੰਜਾਬ ਵਿੱਚ ਹਰ ਥਾਂ 'ਤੇ ਕਤਲੇਆਮ ਹੋਇਆ।

(7) **ਬਹੁ-ਵਿਕਲਪੀ** ਪ੍ਰਸ਼ਨਾਂ ਉੱਤਰ (1X4)=4

(i) (ੲ) ਬਿਨਾਂ ਪੈਸਿਆਂ ਤੋਂ ਕੀਤਾ ਕੰਮ

(ii) (ਅ) ਫੁੱਲਾਂ ਨਾਲ਼

(iii) (ੳ) ਵਾਰਸ ਸ਼ਾਹ

(iv) (ਸ) ਨ੍ਹੇਰੇ ਦੀ

## ਕਹਾਣੀਆਂ ਵਿੱਚੋਂ 16

(8) ਕਹਾਣੀ **'ਸਾਂਝ'** ਵਿੱਚ ਸੁਜਾਨ ਸਿੰਘ ਨੇ ਹਮਦਰਦੀ ਦੀ ਭਾਵਨਾ ਨੂੰ ਹੀ ਮੁੱਖ ਵਿਸ਼ਾ ਰੱਖਿਆ ਹੈ। ਕਹਾਣੀ ਮਨੁੱਖ ਦੀ ਦੋਹਰੀ ਮਾਨਸਿਕਤਾ ਰਾਹੀਂ ਸਮਾਜ ਦੀ ਤਸਵੀਰ ਉਜਾਗਰ ਕਰਦੀ ਹੈ ਕਿ ਕਈ ਵਾਰ ਮਨੁੱਖ ਚਾਹੁੰਦਿਆਂ ਹੋਇਆਂ ਵੀ ਕਿਸੇ ਦੀ ਮਦਦ ਨਹੀਂ ਕਰ ਸਕਦਾ। ਜਿਵੇਂ ਕਹਾਣੀ ਦਾ ਮੁੱਖ ਪਾਤਰ ਪ੍ਰੋਫ਼ੈਸਰ ਜਦੋਂ ਬੁੱਢੀ ਮਾਈ ਦੀ ਮਦਦ ਲਈ ਸੋਚਦਾ ਹੈ ਤਾਂ ਉਸ ਅੱਗੇ ਆਪਣੀ ਆਰਥਿਕ ਮੰਦਹਾਲੀ ਅਤੇ ਮਜ਼ਬੂਰੀਆਂ ਦੀ ਕੰਧ ਆ ਜਾਂਦੀ ਹੈ। ਕਹਾਣੀਕਾਰ 'ਪ੍ਰੋਫ਼ੈਸਰ' ਅਤੇ 'ਲਾਲ ਚੀਰੇ ਵਾਲ਼ੇ ਨੌਜਵਾਨ' ਪਾਤਰ ਰਾਹੀਂ ਆਪਣਾ ਉਦੇਸ਼ ਪੂਰਾ ਕਰਦਾ ਹੈ। ਪ੍ਰੋਫ਼ੈਸਰ ਨੂੰ ਲਾਲ ਚੀਰੇ ਵਾਲਾ ਨੌਜਵਾਨ ਇੱਕ ਪੱਥਰ ਦਿਲ ਇਨਸਾਨ ਜਾਪਦਾ ਹੈ ਕਿਉਂਕਿ ਉਸਨੇ ਬੁੱਢੀ ਮਾਈ ਦੀ ਮਦਦ ਨਹੀਂ ਕੀਤੀ ਸੀ ਪਰ ਬਜ਼ੁਰਗ ਔਰਤ ਦੀ ਮਾੜੀ ਹਾਲਤ ਵੇਖ ਕੇ ਪ੍ਰੋਫ਼ੈਸਰ ਦਾ ਮਨ ਵੀ ਮਿਚਕ ਗਿਆ ਸੀ। ਬੁੱਢੀ ਮਾਈ ਦੀ ਸੁੱਥਣ ਟਾਕੀਆਂ ਲੱਗੀ ਸੀ, ਕੁੜਤਾ ਐਨਾ ਮੈਲਾ ਸੀ ਕਿ ਉਸ ਦਾ ਰੰਗ ਪਤਾ ਨਹੀਂ ਸੀ ਲੱਗਦਾ, ਚੁੰਨੀ ਪਾਟੀ ਹੋਈ ਸੀ, ਹੱਥ ਵਿੱਚ ਗੰਦਾ ਜਿਹਾ ਥੈਲਾ ਸੀ। ਬੁੱਢੀ ਔਰਤ ਨੇ ਸਹੇੜੇ ਪਿੰਡ ਜਾਣਾ ਸੀ ਜੋ ਕਿ ਬਾਗਾਂ ਵਾਲ਼ੇ ਦੇ ਕੋਲ਼ ਸੀ। ਪ੍ਰੋ. ਨੇ ਸ਼ਹਿਰ ਜਾਣਾ ਹੁੰਦਾ ਹੈ ਅਤੇ ਬੁੱਢੀ ਮਾਈ ਦੇ ਤਰਲੇ ਉੱਤੇ ਪ੍ਰੋ. ਉਸ ਨੂੰ ਸ਼ਹਿਰ ਤੱਕ ਸਾਈਕਲ 'ਤੇ ਬਿਠਾਉਣ ਲਈ ਰਾਜ਼ੀ ਹੋ ਜਾਂਦਾ ਹੈ। ਸ਼ਹਿਰ ਪਹੁੰਚਣ 'ਤੇ ਸਾਹਮਣੋਂ ਲਾਲ ਚੀਰੇ ਵਾਲ਼ਾ ਨੌਜਵਾਨ ਸ਼ਹਿਰ ਤੋਂ ਆਪਣਾ ਕੰਮ ਮੁਕਾ ਕੇ ਵਾਪਸ ਪਰਤ ਰਿਹਾ ਹੁੰਦਾ ਹੈ। ਉਹ ਮਾਈ ਨੂੰ ਉਸ ਦੇ ਪਿੰਡ ਸਹੇੜੇ ਛੱਡਣ ਲਈ ਆਖਦਾ ਹੈ। ਇਹ ਸੁਣ ਕੇ ਪ੍ਰੋ. ਦਾ ਮਨ ਅਚਾਨਕ ਬਦਲਦਾ ਹੈ ਅਤੇ ਹੁਣ ਉਸ ਨੂੰ ਉਹ ਸਾਈਕਲ ਸਵਾਰ ਪੱਥਰ ਦਿਲ ਨਹੀਂ ਜਾਪਦਾ। ਬੇਸ਼ਕ ਪ੍ਰੋਫ਼ੈਸਰ ਅਤੇ ਲਾਲ ਚੀਰੇ ਵਾਲੇ ਮਨੁੱਖ ਵਿੱਚ ਕੋਈ ਗੱਲਬਾਤ ਨਹੀਂ ਹੁੰਦੀ ਪਰ ਉਹ ਦੋਵੇਂ ਇੱਕ ਦੂਜੇ ਨੂੰ ਤੱਕਦੇ ਹਨ ਅਤੇ ਅੱਖਾਂ-ਅੱਖਾਂ ਵਿੱਚ ਹੀ ਇੱਕ ਅਣਕਹੀ ਸਾਂਝ ਪਾ ਲੈਂਦੇ ਹਨ ਜੋ ਬੁੱਢੀ ਮਾਈ ਨਾਲ਼ ਕੀਤੀ ਹਮਦਰਦੀ ਤੋਂ ਪੈਦਾ ਹੁੰਦੀ ਹੈ। 6

**ਜਾਂ**

**'ਮਾੜਾ ਬੰਦਾ'** ਕਹਾਣੀ ਵਿੱਚ ਲੇਖਕ 'ਪ੍ਰੇਮ ਪ੍ਰਕਾਸ਼' ਨੇ ਰਿਕਸ਼ੇ ਵਾਲ਼ੇ ਨੂੰ ਮਾੜਾ ਬੰਦਾ ਕਿਹਾ ਅਤੇ ਚਿਤਰਿਆ ਹੈ। ਰਿਕਸ਼ੇਵਾਲ਼ੇ ਨੂੰ ਇੱਕ ਗਰੀਬੜਾ ਜਿਹਾ, ਕਮਜ਼ੋਰ ਤੇ ਸਰੀਰਕ ਤੌਰ 'ਤੇ ਗੰਦਾ ਜਿਹਾ ਦਿਖਣ ਵਾਲ਼ਾ ਵਿਅਕਤੀ

ਉਲੀਕਿਆ ਹੈ। ਉਸ ਦੀ ਪਿੱਠ ਕੁੱਬੀ ਹੈ ਅਤੇ ਗੰਦੀ ਜਿਹੀ ਬੁਸ਼ਟ ਪਾਈ ਸੀ ਜਿਸ ਉੱਤੇ ਰੰਗ-ਬਿਰੰਗੀਆਂ ਟਾਕੀਆਂ ਲੱਗੀਆਂ ਸਨ। ਉਸ ਦੇ ਵਾਲ਼ ਉਲਝੇ ਅਤੇ ਮੈਲੇ ਸਨ। ਕਾਲੀਆਂ ਸੁੱਕੀਆਂ ਲੱਤਾਂ ਵਿੱਚ ਕੱਛਾ ਪਾਇਆ ਹੋਇਆ ਸੀ। ਉਸ ਦੇ ਪਾਤਰ ਚਿੱਤਰ ਦੀਆਂ ਕੁਝ ਮੁੱਖ ਗੱਲਾਂ ਇਸ ਤਰ੍ਹਾਂ ਹਨ—

**ਗਰੀਬੀ ਅਤੇ ਹਾਲਾਤ ਦਾ ਮਾਰਿਆ ਹੋਇਆ —** ਰਿਕਸ਼ੇ ਵਾਲ਼ੇ ਦੀ ਸ਼ਕਲ ਸੂਰਤ ਅਤੇ ਸਰੀਰਕ ਬਣਤਰ ਤੋਂ ਪਤਾ ਚਲਦਾ ਹੈ ਕਿ ਉਹ ਹਾਲਾਤ ਦਾ ਮਾਰਿਆ ਵਿਅਕਤੀ ਹੈ।

**ਹੱਕ ਲਈ ਅੜਨ ਵਾਲ਼ਾ —** ਲੇਖਕ ਦੀ ਪਤਨੀ ਵੱਲੋਂ ਤੈਅ ਕੀਤੇ ਦੋ ਰੁਪਏ ਥੋੜ੍ਹੇ ਪ੍ਰਤੀਤ ਹੋਣ 'ਤੇ ਤਿੰਨ ਰੁਪਏ ਦੀ ਮੰਗ ਕਰਦਾ ਹੈ। ਜਦ ਉਸ ਨੂੰ ਆਪਣਾ ਹੱਕ ਨਹੀਂ ਮਿਲਦਾ ਤਾਂ ਉਹ ਦੋ ਰੁਪਏ ਵਗਾਹ ਸੁੱਟਦਾ ਹੈ ਅਤੇ ਆਪਣੇ ਹੱਕ ਦੇ ਪੈਸੇ ਲੈਣ ਦੀ ਜ਼ਿੱਦ ਵਿੱਚ ਲੇਖਕ ਦੀ ਕੋਠੀ ਦੇ ਬਾਹਰ ਕਾਫ਼ੀ ਚਿਰ ਤੱਕ ਖੜ੍ਹਾ ਰਹਿੰਦਾ ਹੈ।

**ਆਪਣੇ ਹਾਲਾਤ ਨੂੰ ਸਮਝਣ ਵਾਲ਼ਾ —** ਰਿਕਸ਼ੇ ਵਾਲ਼ੇ ਨਾਲ਼ ਜਦੋਂ ਲੇਖਕ ਲੜਨ ਲਈ ਆਉਂਦਾ ਹੈ ਤਾਂ ਉਹ ਆਪਣੇ ਹਾਲਾਤ ਨੂੰ ਸਮਝਦਾ ਹੈ ਅਤੇ ਆਪਣੇ ਆਪ ਨੂੰ ਗਰੀਬ ਤੇ ਮਾੜਾ ਬੰਦਾ ਕਹਿ ਕੇ ਚਲਾ ਜਾਂਦਾ ਹੈ।

(9) **ਬਹੁ-ਵਿਕਲਪੀ—** (1X4)=4

**(i) (ਸ) ਮਹਿੰਦੀ ਦੇ ਬੂਟੇ ਹੇਠਾਂ**

**(ii) (ਅ) ਜੰਗਲ਼ਾਤ**

**(iii) (ੲ) ਧਰੇਕ ਦੇ ਹੇਠਾਂ**

**(iv) (ਅ) ਜ਼ਿੱਦੀ ਤੇ ਜਜ਼ਬਾਤੀ**

(10) ਪ੍ਰਸ਼ਨਾਂ ਦੇ **ਉੱਤਰ** 25 **ਤੋਂ** 30 **ਸ਼ਬਦਾਂ** ਵਿੱਚ— (2X3)=6

(i) ਇੱਕ ਬੁੱਢੀ ਮਾਈ ਦੁਆਰਾ ਸਹਾਇਤਾ ਮੰਗਣ 'ਤੇ ਲਾਲ ਚੀਰੇ ਵਾਲ਼ਾ ਸਾਈਕਲ ਸਵਾਰ ਰੁਕਦਾ ਨਹੀਂ ਸਗੋਂ ਤੇਜ਼ੀ ਨਾਲ਼ ਸ਼ਹਿਰ ਵੱਲ ਚਲਾ ਜਾਂਦਾ ਹੈ। ਇਹ ਵੇਖ ਕੇ ਪ੍ਰੋਫ਼ੈਸਰ ਉਸ ਨੂੰ ਪੱਥਰ ਦਿਲ ਇਨਸਾਨ ਸਮਝਦਾ ਹੈ।

(ii) ਵੱਛੀ ਦੇ ਮਰਨ ਤੋਂ ਬਾਅਦ ਨੀਲੀ ਨੇ ਕਈ ਦਿਨ ਚਾਰਾ ਨਹੀਂ ਖਾਧਾ। ਜਦੋਂ ਗਵਾਲਾ ਦੁੱਧ ਚੋਣ ਲਈ ਉਸ ਅੱਗੇ ਮਸਾਲੇ ਦੀ ਟੋਕਰੀ ਰੱਖਦਾ, ਉਹ ਟੋਕਰੀ ਵੱਲ ਪਿੱਠ ਕਰ ਲੈਂਦੀ ਅਤੇ ਦੁੱਧ ਨਾ ਚੋਣ ਦਿੰਦੀ।

(iii) ਲੇਖਕ ਦੀ ਪਤਨੀ ਰਿਕਸ਼ੇ ਵਾਲ਼ੇ ਦੀ ਵਕਾਲਤ ਕਰਦੀ ਕਹਿੰਦੀ ਹੈ ਕਿ ਕਈ ਵਾਰ ਸਾਡੇ ਪੈਸੇ ਕਿਤੇ ਡਿੱਗ ਵੀ ਪੈਂਦੇ ਹਨ, ਬੱਚੇ ਰੋਜ਼ ਕਿੰਨੇ ਪੈਸੇ ਖ਼ਰਚ ਦਿੰਦੇ ਹਨ ਅਤੇ ਕਿੰਨੇ ਹੀ ਪੈਸੇ ਹਰ ਰੋਜ਼ ਉਹ ਐਵੇਂ ਹੀ ਰੋੜ੍ਹ ਛੱਡਦੇ ਹਨ।

(iv) ਅਨੰਦ-ਕਾਰਜ ਕਰਾਉਣ ਵਾਲ਼ੇ ਭਾਈ ਨੇ ਜੀਤੋ ਨੂੰ ਸਿੱਖਿਆ ਦਿੱਤੀ ਕਿ ਹੁਣ ਉਸ ਦਾ ਪਤੀ ਹੀ ਪਰਮੇਸ਼ਰ ਹੈ ਅਤੇ ਉਸ ਨੂੰ ਹਰ ਕੰਮ ਵਿੱਚ ਉਸ ਦੀ ਸਲਾਹ ਲੈਣੀ ਚਾਹੀਦੀ ਹੈ। ਉਸ ਨੂੰ ਬਿਨਾਂ ਆਪਣੀ ਮਰਜ਼ੀ ਨਾਲ ਕੋਈ ਕੰਮ ਨਹੀਂ ਕਰਨਾ ਤੇ ਪਤੀ ਨੂੰ ਹਮੇਸ਼ਾ ਖੁਸ਼ ਰੱਖਣਾ ਹੈ।

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ



(11) **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ— (1X4)=4

(i) (ਅ) **ਸੰਸਕ੍ਰਿਤਕ ਨੁਹਾਰ**
(ii) (ੲ) **ਸਾਹਾ**
(iii) (ੲ) **ਹਾਕੀ**
(iv) (ੲ) **ਭੰਗੜਾ**

(12) ਪ੍ਰਸ਼ਨਾਂ ਦੇ **ਉੱਤਰ 70 ਤੋਂ 80 ਸ਼ਬਦਾਂ** ਵਿੱਚ— (4X2)=8

(i) ਪੰਜਾਬ ਵਿੱਚ ਤਿੱਥਾਂ ਨਾਲ਼ ਸੰਬੰਧਿਤ ਬਹੁਤ ਸਾਰੇ ਤਿਉਹਾਰ ਮਨਾਏ ਜਾਂਦੇ ਹਨ। ਚੰਨ ਦੀਆਂ ਤਿੱਥਾਂ ਮੁਤਾਬਕ ਏਕਾਦਸ਼ੀ, ਮੱਸਿਆ, ਪੂਰਨਮਾਸ਼ੀ ਤੇ ਸੰਗਰਾਂਦ ਹਰ ਮਹੀਨੇ ਆਉਂਦੇ ਹਨ। ਤਿੱਥਾਂ ਨਾਲ ਸੰਬੰਧਿਤ ਦੋ ਤਿਉਹਾਰ ਇਸ ਪ੍ਰਕਾਰ ਹਨ—

(ੳ) ਚੇਤਰ ਮਹੀਨੇ ਦੀ ਪਹਿਲੀ ਤਰੀਕ ਨੂੰ ਨਵਾਂ ਸੰਮਤ ਜਾਂ ਨਵਾਂ ਸਾਲ ਮਨਾਇਆ ਜਾਂਦਾ ਹੈ।

(ਅ) ਕੱਤਕ ਦੇ ਮਹੀਨੇ ਦੀਵਾਲੀ ਮਨਾਈ ਜਾਂਦੀ ਹੈ। ਜੋ ਮੱਸਿਆ ਤੋਂ ਬਾਅਦ ਕਿਸੇ ਨਾ ਕਿਸੇ ਰੂਪ ਵਿੱਚ ਪੂਰੇ ਭਾਰਤ ਅੰਦਰ ਮਨਾਈ ਜਾਂਦੀ ਹੈ। ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ ਤੇ ਲਛਮੀ ਦੀ ਪੂਜਾ ਕਰਦੇ ਹਨ।

(ੲ) ਪੋਹ ਮਹੀਨੇ ਦੇ ਅਖੀਰਲੇ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

(ii) ਮੁਢਲੇ ਮਨੁੱਖ ਨੂੰ ਦੈਵੀ ਸ਼ਕਤੀਆਂ ਤੋਂ ਡਰ ਲੱਗਦਾ ਸੀ ਜਿਸ ਕਰਕੇ ਉਸ ਨੇ ਬਹੁਤ ਸਾਰੇ ਰਸਮ-ਰਿਵਾਜ ਉਹਨਾਂ ਦੈਵੀ-ਸ਼ਕਤੀਆਂ ਨੂੰ ਖ਼ੁਸ਼ ਕਰਨ ਵਾਸਤੇ ਬਣਾ ਲਏ। ਇਸ ਤੋਂ ਇਲਾਵਾ ਕੁਝ ਰਸਮ ਰਿਵਾਜ ਜਨਮ ਤੇ ਵਿਆਹ ਦੀ ਖ਼ੁਸ਼ੀ ਦੇ ਪ੍ਰਗਟਾਵੇ ਵਜੋਂ ਅਤੇ ਕੁਝ ਮੌਤ ਦੇ ਸੋਗ ਤੋਂ ਵੀ ਪੈਦਾ ਹੋਏ। ਇਸ ਤੋਂ ਇਲਾਵਾ ਮਨੂ ਦੀ ਭਾਈਚਾਰਕ ਵੰਡ ਅਨੁਸਾਰ ਮਨੁੱਖੀ ਜੀਵਨ ਨੂੰ ਬ੍ਰਹਮਚਰਜ, ਗ੍ਰਿਸਤ, ਬਾਨਪ੍ਰਸਥ ਅਤੇ ਸੰਨਿਆਸ ਨਾਂ ਦੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਜਿਸ ਦੇ ਆਪਣੇ-ਆਪਣੇ ਰਸਮ-ਰਿਵਾਜਾਂ ਦੀ ਪਰੰਪਰਾ ਬਣੀ।

(iii) ਪੁਰਾਤਨ ਸਮੇਂ ਵਿੱਚ ਪਿੰਡ ਵਾਸੀ ਇਕੱਠੇ ਹੋ ਕੇ ਖਿਡਾਰੀਆਂ ਅਤੇ ਪਹਿਲਵਾਨਾਂ ਦੀਆਂ ਖ਼ੁਰਾਕਾਂ ਦਾ ਪ੍ਰਬੰਧ ਕਰਦੇ ਸਨ। ਪਿੰਡ ਵਾਸੀਆਂ ਨੂੰ ਇਹਨਾਂ ਉੱਪਰ ਮਾਣ ਹੁੰਦਾ ਸੀ ਅਤੇ ਇਹਨਾਂ ਨੂੰ ਭਰਪੂਰ ਮਾਤਰਾ ਵਿੱਚ ਘਿਓ, ਖੰਡ, ਮੇਵੇ ਆਦਿ ਦਿੰਦੇ। ਖਿਡਾਰੀਆਂ ਅਤੇ ਪਹਿਲਵਾਨਾਂ ਦੀ ਬੜੀ ਇੱਜ਼ਤ ਹੁੰਦੀ ਅਤੇ ਪਿੰਡ ਵਾਸੀ ਇਹਨਾਂ ਦੀ ਖ਼ੁਰਾਕ ਦੀ ਜ਼ੁੰਮੇਵਾਰੀ ਖ਼ੁਸ਼ੀ-ਖ਼ੁਸ਼ੀ ਚੁੱਕਦੇ ਤਾਂ ਜੋ ਉਹ ਇਹਨਾਂ ਦੇ ਪਿੰਡ ਦਾ ਨਾਂ ਰੌਸ਼ਨ ਕਰ ਸਕਣ।

(iv) ਵਰਤਮਾਨ ਸਮੇਂ ਵਿੱਚ ਭੰਗੜੇ ਦਾ ਸਰੂਪ ਬਦਲ ਗਿਆ ਹੈ। ਭੰਗੜੇ ਦਾ ਸਾਜ਼ੋ-ਸਮਾਨ ਬਹੁਤ ਹੱਦ ਤੱਕ ਬਦਲ ਰਿਹਾ ਹੈ। ਦੇਸ ਵੰਡ ਤੋਂ ਬਾਅਦ ਪੰਜਾਬ ਤੋਂ ਇਲਾਵਾ ਇਹ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ। ਜਿਸ ਕਰਕੇ ਭੰਗੜੇ ਦੀਆਂ ਬੋਲੀਆਂ, ਮੁਦਰਾਵਾਂ ਵਿੱਚ ਬਹੁਤ ਤਬਦੀਲੀ ਆ ਗਈ ਹੈ। ਭੰਗੜੇ ਵਿੱਚ ਵਿਦੇਸ਼ੀ ਨਾਚਾਂ ਦੀਆਂ ਮੁਦਰਾਵਾਂ ਸ਼ਾਮਲ ਹੋ ਰਹੀਆਂ ਹਨ।

(v) ਪੰਜਾਬ ਦੇ ਲੋਕ-ਨਾਚ ਦੀ ਪਰੰਪਰਾ ਪੰਜ ਹਜ਼ਾਰ ਈਸਵੀ ਪੂਰਵ ਤੋਂ ਵੀ ਪੁਰਾਣੀ ਹੈ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਪਰੰਪਰਾ ਵਿੱਚ ਕਈ ਭੂਗੋਲਿਕ, ਸਮਾਜਿਕ ਅਤੇ ਵਿਸ਼ੇਸ਼ ਕਰਕੇ ਇਤਿਹਾਸਕ ਤਬਦੀਲੀਆਂ ਆ ਚੁੱਕੀਆਂ ਹਨ। ਇਹਨਾਂ ਤਬਦੀਲੀਆਂ ਹੋਣ ਦੇ ਬਾਵਜੂਦ ਲੋਕ-ਨਾਚਾਂ ਦੀ ਅਹਿਮੀਅਤ ਲੋਕਾਂ ਦੇ ਜੀਵਨ ਵਿੱਚ ਬਣੀ ਹੋਈ ਹੈ।

www.CBSEtips.in